© ਅਰਮਾਨ (ARMAAN) | ISSN: 2583-9446 (O)

ਅਰਮਾਨ ARMAAN

(An International Multidisciplinary, Open Access Peer Reviewed & Indexed Research Journal)

Paper Id: ARMN040314

Volume 4, Issue 3 | July-Sep. 2026

Available online at: www.armaan.org.in

DOI Link: https://doi.org/10.64119/armaan.vol.4.issue3.14

| DOI | Received Date | Accepted Date | Published Date |
|---|---|---|---|
| 10.64119/armaan.vol.4.issue3.14 | August 10, 2026 | August 31, 2026 | September 05, 2026 |

ਖੋਜ ਪੇਪਰ (Research Article)

# ਪੰਜਾਬੀ ਮਨੁੱਖ ਦੀ ਨਾਬਰੀ ਦਾ ਬਿਰਤਾਂਤ: ਨਾਵਲ 'ਮਹਾਂਬਲੀ ਸੂਰਾ'

## Punjabi Manukh Di Nabari Da Birtaant: Naval 'Mahabali Soora'

**ਮਲਕੀਤ ਸਿੰਘ (Malkeet Singh)**

ਖੋਜਾਰਥੀ (Research Scholar)

ਪੰਜਾਬੀ ਵਿਭਾਗ, ਕੁਰੂਕਸ਼ੇਤਰ ਯੂਨੀਵਰਸਿਟੀ, ਕੁਰੂਕਸ਼ੇਤਰ (ਹਰਿਆਣਾ)- 136119

ORCID: 0009-0007-5508-7907

*E-Mail: malkeetvirk112@gmail.com*

***ਸਾਰ (Abstract)***

*ਪੰਜਾਬ ਦੀ ਮਿੱਟੀ ਵਿਚ ਅਨੇਕਾਂ ਸੂਰਮਿਆਂ ਅਤੇ ਯੋਧਿਆਂ ਦੀ ਸ਼ਹਾਦਤ ਦੀ ਗਾਥਾ ਸਮਾਈ ਹੋਈ ਹੈ। ਇਹ ਯੋਧੇ ਸਮੇਂ-ਸਮੇਂ 'ਤੇ ਮਜ਼ਲੂਮਾਂ ਦੀ ਪੱਤ ਬਚਾਉਣ ਅਤੇ ਅਣਖ ਨਾਲ ਜ਼ਿੰਦਗੀ ਜਿਉਣ ਲਈ ਵੱਡੀਆਂ-ਵੱਡੀਆਂ ਤਾਕਤਾਂ ਲਈ ਵੰਗਾਰ ਸਾਬਿਤ ਹੁੰਦੇ ਰਹੇ ਹਨ। ਪੰਜਾਬੀ ਨਾਵਲ ਦੇ ਖੇਤਰ ਵਿਚ ਨਾਇਕਮੂਲਕ ਦ੍ਰਿਸ਼ਟੀ ਤੋਂ ਲਿਖੇ ਗਏ ਨਾਵਲਾਂ ਦੀ ਪਰੰਪਰਾ ਮੁੱਢਲੇ ਦੌਰ ਤੋਂ ਹੀ ਕਾਰਜਸ਼ੀਲ ਰਹੀ ਹੈ। ਸਮਕਾਲੀ ਦੌਰ ਵਿਚ ਕੁਝ ਪ੍ਰੌੜ ਬੁੱਧੀਜੀਵੀ ਨਾਵਲਕਾਰ ਅਜਿਹੇ ਇਤਿਹਾਸਕ ਨਾਵਲਾਂ ਦੀ ਸਿਰਜਣਾ ਕਰ ਰਹੇ ਹਨ, ਜਿਨ੍ਹਾਂ ਵਿਚ ਪੰਜਾਬ ਅਤੇ ਪੰਜਾਬੀਅਤ ਦੇ ਇਤਿਹਾਸ ਨਾਲ ਸੰਬੰਧਿਤ ਨਾਇਕਾਂ ਦੇ ਸੰਘਰਸ਼ਮਈ ਜੀਵਨ ਨੂੰ ਬਿਰਤਾਂਤਕ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਜਾ ਰਿਹਾ ਹੈ। ਪੰਜਾਬੀ ਨਾਵਲ ਜਗਤ ਵਿਚ ਬਲਦੇਵ ਸਿੰਘ ਦਾ ਨਾਂ ਕਿਸੇ ਪਛਾਣ ਦਾ ਮੁਥਾਜ ਨਹੀਂ। ਉਸਨੇ ਆਪਣੇ ਇਤਿਹਾਸਕ ਨਾਵਲਾਂ ਵਿਚ ਸਮੇਂ ਦੀ ਹਕੂਮਤ ਦੇ ਖ਼ਿਲਾਫ਼ ਜੂਝਦੇ ਪੰਜਾਬੀਆਂ ਦੇ ਨਾਇਕਾਂ ਅਤੇ ਲੋਕ ਨਾਇਕਾਂ ਦੀ ਨਾਬਰੀ ਦਾ ਬਿਰਤਾਂਤ ਸਿਰਜਿਆ ਹੈ। ਨਾਵਲ 'ਮਹਾਂਬਲੀ ਸੂਰਾ' ਵਿਚ ਬਲਦੇਵ ਸਿੰਘ ਨੇ ਸਿੱਖ ਇਤਿਹਾਸ ਦੇ ਮਹਾਨ ਜਰਨੈਲ ਬੰਦਾ ਸਿੰਘ ਬਹਾਦਰ ਦੇ ਸਮੁੱਚੇ ਜੀਵਨ ਸੰਘਰਸ਼ ਨੂੰ ਰੂਪਮਾਨ ਕਰਦਿਆਂ ਉਸਨੂੰ ਨਾਇਕ ਵਜੋਂ ਸਥਾਪਿਤ ਕੀਤਾ ਹੈ। ਹੱਥਲੇ ਖੋਜ ਪੱਤਰ ਵਿਚ ਨਾਵਲ 'ਮਹਾਂਬਲੀ ਸੂਰਾ' ਦੇ ਹਵਾਲੇ ਨਾਲ ਅਜਿਹੇ ਤੱਥਾਂ ਨੂੰ ਉਭਾਰਨ ਦਾ ਯਤਨ ਕੀਤਾ ਗਿਆ ਹੈ ਜਿਨ੍ਹਾਂ ਰਾਹੀਂ ਬੰਦਾ ਸਿੰਘ ਬਹਾਦਰ ਲੋਕ ਮਨਾਂ ਵਿਚ ਨਾਇਕ ਵਜੋਂ ਪ੍ਰਵਾਨ ਹੁੰਦਾ ਹੈ।*

***ਮੁੱਖ-ਸ਼ਬਦ (Keywords)***

*ਨਾਇਕ, ਨਾਬਰੀ, ਇਤਿਹਾਸ, ਸੰਘਰਸ਼, ਪੰਜਾਬੀਅਤ, ਸਭਿਆਚਾਰਕ।*

ਪੰਜਾਬ ਦੀ ਧਰਤੀ ਮੁੱਢ ਕਦੀਮੋਂ ਹੀ ਵਿਭਿੰਨ ਸਭਿਆਚਾਰਾਂ ਦੀ ਆਮਦ ਕਾਰਨ ਸਭਿਆਚਾਰਕ ਤੌਰ 'ਤੇ ਸੁਮੇਲ ਭੂਮੀ ਅਤੇ ਰਾਜਸੀ ਤੌਰ 'ਤੇ ਜੰਗਾਂ-ਯੁੱਧਾਂ ਦਾ ਅਖਾੜਾ ਰਹੀ ਹੈ। 'ਮਨੁੱਖੀ ਸਭਿਅਤਾ ਦਾ ਪੰਘੂੜਾ' ਅਖਵਾਉਣ ਵਾਲੇ ਸੰਸਾਰ ਦੇ ਇਸ ਨਿਆਰੇ ਭੂਗੋਲਿਕ ਖਿੱਤੇ ਨੂੰ ਕੁਦਰਤ ਨੇ ਅਨੇਕਾਂ ਨਿਆਮਤਾਂ ਨਾਲ ਨਿਵਾਜਿਆ ਹੈ। ਹਰ ਪ੍ਰਕਾਰ ਦੀਆਂ ਰੁੱਤਾਂ, ਮੌਸਮਾਂ ਅਤੇ ਫ਼ਸਲਾਂ ਦੀ ਉਪਜ ਕਾਰਨ ਪੰਜਾਬ ਦੀ ਧਰਤੀ ਸਦੀਆਂ ਤਕ ਵਿਦੇਸ਼ੀ ਹਮਲਾਵਰਾਂ ਲਈ ਖਿੱਚ ਦਾ ਕੇਂਦਰ ਰਹੀ ਹੈ। ਇਥੋਂ ਦੀ ਜਰਖ਼ੇਜ ਮਿੱਟੀ, ਸ਼ੁੱਧ ਹਵਾ ਅਤੇ ਸਵੱਛ ਪੌਣ-ਪਾਣੀ ਨੇ ਪੰਜਾਬ ਦੇ ਬਾਸ਼ਿੰਦਿਆਂ ਨੂੰ ਸਰੀਰਕ ਅਤੇ ਮਾਨਸਿਕ ਤੌਰ 'ਤੇ ਖੁਸ਼ਹਾਲੀ ਬਖ਼ਸ਼ੀ ਹੈ। ਮਨੁੱਖ ਦੀ ਸਰੀਰਕ ਬਣਤਰ ਅਤੇ ਰੰਗ-ਰੂਪ ਦੀ ਘਾੜਤ ਵਿਚ ਉਸਦੇ ਭੂਗੋਲਿਕ ਚੌਗਿਰਦੇ ਦਾ ਮਹੱਤਵਪੂਰਨ ਰੋਲ ਹੁੰਦਾ ਹੈ। ਪੰਜਾਬ ਦਾ ਭੂਗੋਲਿਕ ਵਾਤਾਵਰਨ ਮਨੁੱਖੀ ਜੀਵਨ ਦੇ ਅਨੁਕੂਲ ਹੈ। 'ਪੰਜਾਬ' ਦਾ ਨਾਮਕਰਨ ਵੀ ਇਥੋਂ ਦੀ ਭੂਗੋਲਿਕਤਾ ਦਾ ਹੀ ਸੂਚਕ ਹੈ। ਪੰਜਾਬੀ ਮਨੁੱਖ ਦੀ ਸਰੀਰਕ ਅਤੇ ਮਨੋ-ਬਣਤਰ ਦੇ ਪਿੱਛੇ ਇਥੋਂ ਦੀਆਂ ਭੂਗੋਲਿਕ, ਰਾਜਸੀ ਅਤੇ ਸਭਿਆਚਾਰਕ ਪਰਿਸਥਿਤੀਆਂ ਕਾਰਜਸ਼ੀਲ ਹਨ। ਇਹ ਪਰਿਸਥਿਤੀਆਂ ਸਮੇਂ ਦੇ ਨਾਲ ਬਦਲਦੀਆਂ ਰਹੀਆਂ ਹਨ।

ਪੰਜਾਬ, ਭਾਰਤ ਦਾ ਮੁੱਖ ਦੁਆਰ ਅਤੇ ਸਰਹੱਦੀ ਇਲਾਕਾ ਹੋਣ ਕਰਕੇ ਬਾਹਰੀ ਹਕੂਮਤਾਂ ਦਾ ਮੁੱਢਲਾ ਟਾਕਰਾ ਪੰਜਾਬ ਦੇ ਬਾਸ਼ਿੰਦਿਆਂ ਨਾਲ ਹੁੰਦਾ ਰਿਹਾ ਹੈ। ਨਿੱਤ-ਦਿਹਾੜੇ ਦੇ ਜੰਗਾਂ-ਯੁੱਧਾਂ ਨੇ ਪੰਜਾਬੀ ਮਨੁੱਖ ਨੂੰ ਤਕੜਾ ਜੁੱਸਾ, ਦਲੇਰੀ, ਸੂਰਬੀਰਤਾ ਅਤੇ ਜੋਸ਼ੀਲਾਪਣ ਬਖ਼ਸ਼ਿਆ ਹੈ। ਪੰਜਾਬੀਆਂ ਦੇ ਨਾਇਕਾਂ ਨੇ ਸਵੈ-ਸੁਤੰਤਰਤਾ ਅਤੇ ਖ਼ੁਦਮੁਖ਼ਤਿਆਰੀ ਨਾਲ ਜੀਵਨ ਜਿਉਣ ਲਈ ਆਪਣੀਆਂ ਜਾਨਾਂ ਨਿਛਾਵਰ ਕੀਤੀਆਂ ਹਨ। ਤਕੜੇ ਤੋਂ ਡਰਨਾ ਅਤੇ ਮਾੜੇ ਨੂੰ ਡਰਾਉਣਾ ਪੰਜਾਬੀਆਂ ਦੇ ਹਿੱਸੇ ਨਹੀਂ

ਆਇਆ। ਪੰਜਾਬੀਅਤ ਦਾ ਮੂਲ ਸਾਰ ਪੰਜਾਬੀ ਮਨੁੱਖ ਦੀ ਅਜਿਹੀ ਸੋਚਧਾਰਾ ਵਿਚੋਂ ਝਲਕਦਾ ਹੈ ਜਿਹੜੀ ਕਾਇਰਤਾ ਦੀ ਲੰਮੀ ਜ਼ਿੰਦਗੀ ਜਿਉਣ ਨਾਲੋਂ ਅਣਖ ਨਾਲ ਮਰਨਾ ਵਧੇਰੇ ਲੋਚਦੀ ਹੈ। ਗੁਰਬਾਣੀ ਵਿਚ ਬਾਬਾ ਫਰੀਦ ਜੀ ਦਾ ਫੁਰਮਾਣ ਹੈ:

*"ਫਰੀਦਾ ਬਾਰਿ ਪਰਾਇਐ ਬੈਸਣਾ ਸਾਂਈ ਮੁਝੈ ਨ ਦੇਹਿ॥*
*ਜੇ ਤੂੰ ਏਵੈ ਰਖਸੀ ਜੀਉ ਸਰੀਰਹੁ ਲੇਹਿ॥"*[1]

ਨਾਬਰੀ ਪੰਜਾਬੀ ਮਨੁੱਖ ਦੇ ਚਰਿੱਤਰ ਦਾ ਅਜਿਹਾ ਗੁਣ ਹੈ ਜਿਹੜਾ ਉਸਨੂੰ ਹੋਰਨਾਂ ਸਭਿਆਚਾਰਾਂ ਨਾਲੋਂ ਵਿਲੱਖਣਤਾ ਪ੍ਰਦਾਨ ਕਰਦਾ ਹੈ। ਪੰਜਾਬੀਆਂ ਦੇ ਨਾਇਕ ਧਾਰਮਿਕ, ਰਾਜਸੀ, ਯੋਧੇ, ਪ੍ਰੇਮੀ ਜਾਂ ਕਿਸੇ ਵੀ ਹੋਰ ਰੂਪ ਵਿਚ ਹੋਣ, ਨਾਬਰੀ ਉਹਨਾਂ ਦੇ ਖ਼ੂਨ ਵਿਚ ਸਮਾਈ ਹੋਈ ਹੈ। ਇਹ ਨਾਇਕ ਜਮਾਤੀ ਸਮਾਜ ਵਿਚ ਮਜ਼ਲੂਮ ਅਤੇ ਨਿਤਾਣੀ ਧਿਰ ਦੇ ਮਸੀਹੇ ਬਣ ਕੇ ਸਾਹਮਣੇ ਆਉਂਦੇ ਹਨ। ਪੰਜਾਬ ਦਾ ਇਤਿਹਾਸ ਇਸ ਗੱਲ ਦੀ ਸ਼ਾਹਦੀ ਭਰਦਾ ਹੈ ਕਿ ਪੰਜਾਬੀਆਂ ਦੇ ਨਾਇਕ ਸਮੇਂ-ਸਮੇਂ 'ਤੇ ਆਪਣੀ ਮਾਣ-ਮਰਿਆਦਾ ਅਤੇ ਇੱਜ਼ਤ ਦੀ ਰਾਖੀ ਲਈ ਜ਼ਾਲਮ ਹਕੂਮਤ ਨਾਲ ਮੱਥਾ ਲਾਉਂਦੇ ਰਹੇ ਹਨ। ਜੰਗ ਭਾਵੇਂ ਵਿਚਾਰਧਾਰਕ ਪੱਧਰ 'ਤੇ ਹੋਵੇ ਜਾਂ ਫਿਰ ਹਥਿਆਰਬੰਦ ਸੰਘਰਸ਼ ਹੋਵੇ, ਪੰਜਾਬੀਆਂ ਨੇ ਹਮੇਸ਼ਾ ਪਹਿਲਕਦਮੀ ਕੀਤੀ ਹੈ। ਪੰਜਾਬੀ ਮਨੁੱਖ ਦੇ ਨਾਬਰ ਸੁਭਾਅ ਬਾਰੇ ਡਾ. ਧਨਵੰਤ ਕੌਰ ਲਿਖਦੇ ਹਨ:

*"ਨਾਬਰ ਮਨੁੱਖ ਨੂੰ ਪੰਜਾਬੀ ਮਾਨਸਿਕਤਾ ਨੇ ਜੋ ਨਾਇਕਤਵ ਬਖਸ਼ਿਆ ਹੈ ਤਾਂ ਇਹ ਉਨ੍ਹਾਂ ਦੀ ਸਮੂਹਿਕ ਨਾਬਰ ਮਾਨਸਿਕਤਾ ਦਾ ਸੂਚਕ ਹੀ ਹੈ। ਇਥੋਂ ਤੱਕ ਕਿ ਗੁਆਂਢੀ ਸਭਿਆਚਾਰਾਂ ਦੇ ਨਾਬਰ ਨਾਇਕ ਵੀ ਪੰਜਾਬੀਆਂ ਨੇ ਆਪਣੇ ਕਰਕੇ ਜਾਣੇ ਹਨ ਕਿਉਂਕਿ ਉਨ੍ਹਾਂ ਨੂੰ ਨਾਬਰਪੁਣਾ ਟੁੰਬਦਾ ਹੈ, ਲਕੀਰ ਦਾ ਫਕੀਰ ਹੋਣਾ ਨਹੀਂ। ਸਿੱਖ ਲਹਿਰ ਨੇ ਉਨ੍ਹਾਂ ਦੀ ਇਸੇ ਕਦੀਮੀ ਪ੍ਰਬਲ ਮਾਨਸਿਕਤਾ ਨੂੰ ਉੱਦਾਤੀਕ੍ਰਿਤ ਜ਼ੁਬਾਨ ਦਿੱਤੀ ਹੈ।"*[2]

ਪੰਜਾਬੀ ਨਾਵਲ ਲਗਭਗ ਸਵਾ ਕੁ ਸੌ ਸਾਲ ਦੇ ਸਫ਼ਰ ਦੌਰਾਨ ਵਿਭਿੰਨ ਪੜਾਵਾਂ ਵਿਚੋਂ ਗੁਜ਼ਰਿਆ ਹੈ। ਜਿੱਥੇ ਮੁੱਢਲੇ ਦੌਰ ਦਾ ਪੰਜਾਬੀ ਨਾਵਲ ਸਿੱਖ ਇਤਿਹਾਸ ਦੀ ਤਰਜ਼ਮਾਨੀ ਕਰਨ ਵਾਲੇ ਨਾਇਕਾਂ ਨੂੰ ਆਦਰਸ਼ਵਾਦੀ ਦ੍ਰਿਸ਼ਟੀਕੋਣ ਤੋਂ ਪੇਸ਼ ਕਰਦਾ ਹੈ ਉੱਥੇ ਸਮਕਾਲੀ ਦੌਰ ਵਿਚ ਕੁਝ ਪ੍ਰੌੜ ਨਾਵਲਕਾਰ ਇਤਿਹਾਸਕ ਨਾਇਕਾਂ ਦੇ ਸੰਘਰਸ਼ ਨੂੰ ਰੂਪਮਾਨ ਕਰਨ ਲਈ ਨਿਵੇਕਲਾ ਦ੍ਰਿਸ਼ਟੀਕੋਣ ਅਪਣਾ ਰਹੇ ਹਨ। ਇਹ ਨਾਵਲਕਾਰ ਵਰਤਮਾਨ ਦੌਰ ਦੇ ਸੰਕਟਾਂ ਤੋਂ ਨਿਜ਼ਾਤ ਪਾਉਣ ਲਈ ਇਤਿਹਾਸ ਨੂੰ ਆਧਾਰ ਬਣਾਉਂਦੇ ਹਨ ਕਿਉਂਕਿ ਇਤਿਹਾਸ ਕੌਮਾਂ ਦੀ ਜਿੰਦ-ਜਾਨ ਹੁੰਦਾ ਹੈ। ਇਤਿਹਾਸ ਦੇ ਸਿਰ 'ਤੇ ਕੌਮਾਂ ਰਾਜ ਕਰਦੀਆਂ ਹਨ। ਜਿਹੜੀਆਂ ਕੌਮਾਂ ਇਤਿਹਾਸ ਦੇ ਗੌਰਵਸ਼ਾਲੀ ਵਿਰਸੇ ਤੋਂ ਪਾਸਾ ਵੱਟ ਲੈਂਦੀਆਂ ਹਨ, ਉਹਨਾਂ ਦੀ ਹੋਂਦ ਸੰਸਾਰ 'ਤੇ ਬਹੁਤਾ ਸਮਾਂ ਕਾਇਮ ਨਹੀਂ ਰਹਿੰਦੀ। ਜਦੋਂ ਇਕ ਕੌਮ ਦੂਜੀ ਕੌਮ ਉੱਪਰ ਹਮਲਾ ਕਰਦੀ ਹੈ ਤਾਂ ਉਸਦਾ ਮੁੱਢਲਾ ਨਿਸ਼ਾਨਾ ਸੰਬੰਧਿਤ ਕੌਮ ਦੇ ਇਤਿਹਾਸ ਨੂੰ ਖ਼ਤਮ ਕਰਨਾ ਹੁੰਦਾ ਹੈ। ਪੰਜਾਬੀਆਂ ਦਾ ਇਤਿਹਾਸ ਅਨੇਕਾਂ ਸੂਰਬੀਰਾਂ ਅਤੇ ਯੋਧਿਆਂ ਦੀਆਂ ਕੁਰਬਾਨੀਆਂ ਦਾ ਇਤਿਹਾਸ ਹੈ।

ਵਰਤਮਾਨ ਦੌਰ ਵਿਚ ਹਰ ਪਾਸੇ ਵਿਸ਼ਵੀਕਰਨ ਦਾ ਬੋਲਬਾਲਾ ਹੈ। ਇਸ ਸਮੇਂ ਤਕਨਾਲਜੀ ਦੇ ਖੇਤਰ ਵਿਚ ਹੋਏ ਹੱਦੋਂ ਵੱਧ ਵਿਕਾਸ ਨੇ ਮਨੁੱਖ ਨੂੰ ਵਸਤੂ ਤੱਕ ਘਟਾ ਕੇ ਰੱਖ ਦਿੱਤਾ ਹੈ। ਵਿਸ਼ਵੀਕਰਨ ਦੇ ਮਾਰੂ ਪ੍ਰਭਾਵਾਂ ਨੇ ਮਨੁੱਖੀ ਹੋਂਦ ਲਈ ਸੰਕਟ ਪੈਦਾ ਕੀਤਾ ਹੈ। ਅਜੋਕੇ ਸਮੇਂ ਵਿਚ ਪੈਦਾ ਹੋਈਆਂ ਸਥਿਤੀਆਂ-ਪਰਿਸਥਿਤੀਆਂ ਦਾ ਸਤਾਇਆ ਹੋਇਆ ਮਨੁੱਖ ਜਦੋਂ ਇਤਿਹਾਸਕ ਵਰਤਾਰਿਆਂ ਦੀ ਮਹੱਤਤਾ ਤੋਂ ਜਾਗਰੂਕ ਹੁੰਦਾ ਹੈ ਤਾਂ ਉਹ ਇਤਿਹਾਸ ਵੱਲ ਪਰਤਦਾ ਹੈ। ਜਿਸ ਵੇਲੇ ਵਰਤਮਾਨ ਦੌਰ ਦੀਆਂ ਕਦਰਾਂ-ਕੀਮਤਾਂ ਵਿਚੋਂ ਮਨੁੱਖ ਨੂੰ ਆਪਣੇ ਅਸਤਿੱਤਵ ਨਾਲ ਜੁੜੇ ਪ੍ਰਸ਼ਨਾਂ ਦੇ ਹੱਲ ਨਹੀਂ ਲੱਭਦੇ ਤਾਂ ਉਹ ਇਤਿਹਾਸ ਦੀਆਂ ਗੌਰਵਸ਼ਾਲੀ ਪਰੰਪਰਾਵਾਂ ਵੱਲ ਰੁਖ਼ ਕਰਦਾ ਹੈ। ਅਜੋਕੇ ਸਮੇਂ ਵਿਚ ਸਮੁੱਚੇ ਵਿਸ਼ਵ ਨੇ ਇਕ ਪਿੰਡ ਦਾ ਰੂਪ ਧਾਰਨ ਕਰ ਲਿਆ ਹੈ ਜਿਸ ਕਰਕੇ ਘੱਟ ਗਿਣਤੀ ਕੌਮਾਂ ਅਤੇ ਸਥਾਨਕ ਸਭਿਆਚਾਰਾਂ ਦੀ ਹੋਂਦ ਖ਼ਤਰੇ ਵਿਚ ਹੈ।

ਸਮਕਾਲੀ ਦੌਰ ਦੇ ਕੁਝ ਬੁੱਧੀਜੀਵੀ ਨਾਵਲਕਾਰ ਪੰਜਾਬੀ ਮਨੁੱਖ ਦੀ ਹੋਂਦ ਅਤੇ ਹੋਣੀ ਨਾਲ ਜੁੜੇ ਮਸਲਿਆਂ ਨਾਲ ਨਜਿੱਠਣ ਲਈ ਪੰਜਾਬ ਦੇ ਯੋਧੇ ਅਤੇ ਸੂਰਮੇ ਨਾਇਕਾਂ ਦੇ ਜੀਵਨ-ਸੰਘਰਸ਼ ਨੂੰ ਮੁੜ ਸੁਰਜੀਤ ਕਰਨ ਵੱਲ ਰੁਚਿਤ ਹਨ। ਇਹਨਾਂ ਨਾਇਕਾਂ ਦਾ ਸੰਘਰਸ਼ਮਈ ਜੀਵਨ ਅਜੋਕੇ ਸਮੇਂ ਵਿਚ ਆਪਣੇ ਅਸਤਿੱਤਵ ਨਾਲੋਂ ਟੁੱਟੇ ਮਨੁੱਖ ਨੂੰ ਹਲੂਣਾ ਦਿੰਦਾ ਹੈ। ਇਤਿਹਾਸਕ ਨਾਵਲ ਲਿਖਣ ਸਮੇਂ ਨਾਵਲਕਾਰ ਇਤਿਹਾਸਕ ਵਰਤਾਰਿਆਂ ਦਾ ਸਾਹਿਤਕ ਰੂਪਾਂਤਰਣ ਕਰਕੇ ਮਨੁੱਖ ਨੂੰ ਭਵਿੱਖ ਵਿਚ ਆਉਣ ਵਾਲੀਆਂ ਸਮੱਸਿਆਵਾਂ ਨਾਲ ਨਜਿੱਠਣ ਦੇ ਕਾਬਿਲ ਬਣਾਉਂਦਾ ਹੈ:

*"ਸਾਹਿਤ ਵਿਚ ਇਤਿਹਾਸ ਦੇ ਰੁਪਾਂਤਰਣ ਸਮੇਂ ਸਾਹਿਤਕਾਰ ਦਾ ਦ੍ਰਿਸ਼ਟੀਕੋਣ ਬਹੁਤ ਮਹੱਤਵ ਰੱਖਦਾ ਹੈ। ਇਤਿਹਾਸ ਦੀ ਸਾਹਿਤ ਰਾਹੀਂ ਪੁਨਰ-ਪੇਸ਼ਕਾਰੀ ਦੇ ਕਾਰਜ ਅਧੀਨ ਇਤਿਹਾਸ ਨੂੰ ਨਵੇਂ ਦ੍ਰਿਸ਼ਟੀ ਕੋਣ ਤੋਂ ਪੇਸ਼ ਕੀਤਾ ਜਾਂਦਾ ਹੈ ਤਾਂ ਕਿ ਅਤੀਤ ਨੂੰ ਵਰਤਮਾਨ ਦੇ ਹਾਣ ਦਾ ਕੀਤਾ ਜਾ ਸਕੇ। ਉਹ ਜਨ-ਸਧਾਰਨ ਦੇ ਚੁੱਪ ਇਤਿਹਾਸ ਨੂੰ ਜ਼ੁਬਾਨ ਦੇ ਕੇ ਸਮਾਜਿਕ ਵਿਕਾਸ ਦੀ ਨਬਜ਼ ਫੜ੍ਹਨ ਦੀ ਕੋਸ਼ਿਸ਼ ਕਰਦਾ ਹੈ।"*[3]

ਵਰਤਮਾਨ ਦੌਰ ਵਿਚ ਨਾਵਲਕਾਰ ਬਲਦੇਵ ਸਿੰਘ ਭਾਰਤ ਅਤੇ ਪੰਜਾਬ ਵਿਚ ਪੈਦਾ ਹੋਏ ਨਾਇਕਾਂ ਦੇ ਜੀਵਨ ਸੰਘਰਸ਼ ਬਾਰੇ ਇਤਿਹਾਸਕ ਨਾਵਲ ਲਿਖ ਕੇ ਦੇਸ਼ ਅਤੇ ਕੌਮ ਪ੍ਰਤੀ ਆਪਣਾ ਬਣਦਾ ਫਰਜ਼ ਨਿਭਾ ਰਿਹਾ ਹੈ। ਬਲਦੇਵ ਸਿੰਘ ਦੇ ਮੁੱਢਲੇ ਨਾਵਲਾਂ ਵਿਚ ਭਾਵੇਂ ਸਮਕਾਲੀ ਯਥਾਰਥ ਦਾ ਚਿਤਰਨ ਹੈ ਪਰੰਤੂ ਉਸਦੇ ਇਤਿਹਾਸਕ ਨਾਵਲਾਂ ਵਿਚ ਅਜੋਕੇ ਦੌਰ ਵਿਚਲੇ ਮਨੁੱਖ ਦੇ ਖੰਡਿਤ ਅਸਤਿੱਤਵ ਦਾ ਮੂਲ ਪ੍ਰੇਰਣਾ ਸਰੋਤ ਇਤਿਹਾਸ ਦੀਆਂ ਗੌਰਵਸ਼ਾਲੀ ਪਰੰਪਰਾਵਾਂ ਬਣਦੀਆਂ ਹਨ। ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਦੀ ਖ਼ਾਸੀਅਤ ਇਹ ਹੈ ਕਿ ਉਹ ਇਤਿਹਾਸ ਵਿਚਲੇ ਉਹਨਾਂ ਨਾਇਕਾਂ ਦੇ ਸੰਘਰਸ਼ ਨੂੰ ਪਾਠਕਾਂ ਦੇ ਰੂ-ਬ-ਰੂ ਕਰਾਉਂਦਾ ਹੈ ਜਿਨ੍ਹਾਂ ਨੇ ਆਪਣੇ ਸਮੇਂ ਵਿਚ ਬਹੁਤ ਵੱਡੀਆਂ ਮੱਲਾਂ ਮਾਰੀਆਂ ਹਨ ਪਰੰਤੂ ਪੰਜਾਬੀ ਸਾਹਿਤ ਦੇ ਖੇਤਰ ਵਿਚ ਉਹਨਾਂ ਨਾਇਕਾਂ ਦੇ ਸੰਘਰਸ਼ ਬਾਰੇ ਚਰਚਾ ਨਾਂ-ਮਾਤਰ ਹੋਈ ਹੈ। ਬਲਦੇਵ ਸਿੰਘ ਵੱਲੋਂ ਨਾਇਕਮੂਲਕ ਦ੍ਰਿਸ਼ਟੀ ਤੋਂ ਲਿਖੇ ਗਏ ਇਤਿਹਾਸਕ ਨਾਵਲਾਂ ਬਾਰੇ ਡਾ. ਗੁਰਜੀਤ ਸਿੰਘ ਸੰਧੂ ਲਿਖਦੇ ਹਨ:

*"ਜਿੱਥੇ ਨਾਵਲਕਾਰ ਦੇ ਪਹਿਲੇ ਨਾਵਲਾਂ ਵਿਚ ਸਮਕਾਲੀ ਯਥਾਰਥ ਅਤੇ ਸਥਿਤੀਆਂ ਅਹਿਮ ਹਨ, ਉੱਥੇ ਇਨ੍ਹਾਂ ਨਾਵਲਾਂ ਵਿਚ ਲੋਕ-ਨਾਇਕ ਦੀ ਮਹਾਂ-ਮਾਨਵੀ ਸ਼ਕਤੀ ਅਹਿਮ ਹੈ। ਸਮਕਾਲੀ ਸੰਦਰਭ ਵਿਚ ਇਹ ਮਹਾਂ-ਨਾਇਕ ਅੱਜ ਦੇ ਪੰਜਾਬੀ ਮਨੁੱਖ ਦੇ ਨਿੱਕੇਪਣ ਨੂੰ ਉਸਦੇ ਰੂ-ਬ-ਰੂ ਖੜ੍ਹਾ ਕਰਕੇ ਉਸਦੀ ਵੱਡੀ ਸ਼ਕਤੀ ਦੀ ਝਲਕ ਪੇਸ਼ ਕਰਦੇ ਹਨ। ਪੰਜਾਬੀ ਮਨੁੱਖ ਦੀ ਇਸ ਵੱਡੀ ਮਾਨਵੀ ਸ਼ਕਤੀ ਨੂੰ ਰਾਜ ਕਰਨ ਦੀ ਸਮਝ ਨੇ ਇਸਦੇ ਬੁੱਤ ਬਣਾ ਕੇ, ਗਲਾਂ ਵਿਚ ਹਾਰ ਪਾ ਕੇ, ਨਿਸ਼ਚਿਤ ਮਿੱਤੀਆਂ, ਦਿਨਾਂ ਵਿਚ ਜਸ਼ਨ ਮਨਾ ਕੇ, ਇਸ ਉੱਪਰ ਸੰਸਥਾਵਾਂ ਦੇ ਨਾਮ ਰੱਖ ਕੇ ਆਦਿ ਕੁਝ ਕੁ ਚਿੰਨ੍ਹਾਂ ਤੱਕ ਬੰਦ ਅਤੇ ਸੁਗੇੜ ਦਿੱਤਾ ਹੈ। ਚੰਗਾ ਉਸ ਸਮੇਂ ਹੁੰਦਾ ਹੈ, ਜਦੋਂ ਇਹ ਅਜ਼ਾਦ ਮਨੁੱਖ ਦੀ ਮਾਨਸਿਕਤਾ ਬਣਾਉਣ ਵਾਲੀ ਵੱਡੀ ਸ਼ਕਤੀ ਦਾ ਵਿਸਥਾਰ ਲੋਕ ਮਨਾਂ ਵਿਚ ਹੀ ਪੁਨਰ-*

*ਸਿਰਜਿਤ ਕੀਤਾ ਜਾਵੇ।"* [4]

ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਦਾ ਕੇਂਦਰੀ ਧੁਰਾ ਪੰਜਾਬੀਆਂ ਦੇ ਅਣਗੌਲੇ ਨਾਇਕਾਂ ਦੇ ਸੰਘਰਸ਼ ਨੂੰ ਪੁਨਰ-ਸਥਾਪਿਤ ਅਤੇ ਪੁਨਰ-ਪਰਿਭਾਸ਼ਿਤ ਕਰਨਾ ਹੈ ਕਿਉਂਕਿ ਨਾਇਕਾਂ ਦੀ ਹੋਂਦ ਤੋਂ ਬਿਨਾਂ ਕਿਸੇ ਕੌਮ ਦਾ ਵਜੂਦ ਲੰਮਾਂ ਸਮਾਂ ਕਾਇਮ ਨਹੀਂ ਰਹਿ ਸਕਦਾ। ਨਾਇਕ ਕੌਮਾਂ ਦੀ ਇਕਜੁੱਟਤਾ ਨੂੰ ਬਹਾਲ ਕਰਕੇ ਸੱਚ ਦੇ ਹੱਕ ਵਿਚ ਅਤੇ ਅਨਿਆਂ ਦੇ ਖ਼ਿਲਾਫ਼ ਲੜਦੇ ਹਨ। ਉਹ ਸਭਿਆਚਾਰਕ ਕਦਰਾਂ-ਕੀਮਤਾਂ ਅਤੇ ਨੈਤਿਕ ਮੁੱਲਾਂ ਦੀ ਰੱਖਿਆ ਲਈ ਆਪਣੀਆਂ ਜਾਨਾਂ ਨਿਛਾਵਰ ਕਰਨ ਤੋਂ ਵੀ ਗ਼ੁਰੇਜ਼ ਨਹੀਂ ਕਰਦੇ। ਨਾਇਕਾਂ ਦੀ ਮੌਤ ਕੌਮਾਂ ਨੂੰ ਜ਼ਿੰਦਗੀ ਪ੍ਰਦਾਨ ਕਰਦੀ ਹੈ ਕਿਉਂਕਿ ਅਜਿਹੀ ਮੌਤ ਕੌਮਾਂ ਦੇ ਹਿਰਦਿਆਂ ਅੰਦਰ ਅਣਖ ਅਤੇ ਗ਼ੈਰਤ ਦੇ ਬੀਜ ਪੈਦਾ ਕਰਦੀ ਹੈ। ਨਾਇਕ ਦੀ ਧਾਰਨਾ ਨੂੰ ਸਪੱਸ਼ਟ ਕਰਦੇ ਹੋਏ ਡਾ. ਟੀ. ਆਰ. ਵਿਨੋਦ ਲਿਖਦੇ ਹਨ:

> *"ਨਾਇਕ ਉਹ ਵਿਅਕਤੀ ਹੈ ਜਿਹੜਾ ਮੁੱਲਾਂ ਤੇ ਆਦਰਸ਼ਾਂ ਵਾਸਤੇ ਲੜਦਾ ਹੈ, ਇਨ੍ਹਾਂ ਮੁੱਲਾਂ ਤੇ ਆਦਰਸ਼ਾਂ ਦਾ ਪੈਂਤੜਾ ਇਖ਼ਤਿਆਰ ਕਰਕੇ ਉਨ੍ਹਾਂ ਦੀ ਪ੍ਰਾਪਤੀ ਤੇ ਸਥਾਪਤੀ ਵਾਸਤੇ ਸੰਘਰਸ਼ਸ਼ੀਲ ਹੁੰਦਾ ਹੈ। ਅਜਿਹਾ ਕਰਦਾ ਹੋਇਆ ਉਹ ਆਪਣਾ ਸਭ ਕੁਝ ਦਾਅ 'ਤੇ ਲਾਉਂਦਾ ਅਤੇ ਜੀਵਨ ਦੀ ਕੁਰਬਾਨੀ ਤੱਕ ਵੀ ਦੇ ਦਿੰਦਾ ਹੈ।"* [5]

ਬਲਦੇਵ ਸਿੰਘ ਦਾ ਨਾਵਲ 'ਮਹਾਂਬਲੀ ਸੂਰਾ' ਸਿੱਖ ਇਤਿਹਾਸ ਦੇ ਨਾਇਕ ਬੰਦਾ ਸਿੰਘ ਬਹਾਦਰ ਦੇ ਜੀਵਨ ਸੰਘਰਸ਼ ਦੁਆਲੇ ਕੇਂਦਰਿਤ ਹੈ। ਬੰਦਾ ਸਿੰਘ ਬਹਾਦਰ ਦਾ ਨਾਂ ਸਿੱਖ ਇਤਿਹਾਸ ਦੇ ਮਹਾਨ ਨਾਇਕਾਂ ਵਿਚ ਸ਼ੁਮਾਰ ਕੀਤਾ ਜਾਂਦਾ ਹੈ। ਉਸਦਾ ਸੰਘਰਸ਼ ਮੂਲ ਰੂਪ ਵਿਚ ਸਿੱਖ ਇਤਿਹਾਸ ਨਾਲ ਜੁੜਿਆ ਹੋਣ ਦੇ ਬਾਵਜੂਦ ਵੀ ਬੰਦਾ ਸਿੰਘ ਬਹਾਦਰ ਸਮੁੱਚੇ ਪੰਜਾਬੀਆਂ ਦੇ ਮਨਾਂ ਵਿਚ ਨਾਇਕ ਵਜੋਂ ਪ੍ਰਵਾਨ ਹੁੰਦਾ ਹੈ। ਉਹ ਸਿੱਖ ਕੌਮ ਦਾ ਅਜਿਹਾ ਮਹਾਨ ਸ਼ਹੀਦ ਹੈ ਜਿਸਨੇ ਆਪਣੇ ਬਾਹੂਬਲ ਅਤੇ ਸੂਰਬੀਰਤਾ ਦੇ ਬਲਬੂਤੇ 'ਤੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਦਿੱਤੀ। ਇਤਿਹਾਸਕ ਸਰੋਤਾਂ ਵਿਚ ਬੰਦਾ ਬਹਾਦਰ ਦੀ ਸ਼ਖ਼ਸੀਅਤ ਦੇ ਬਾਰੇ ਅਨੇਕਾਂ ਭ੍ਰਾਂਤੀਆਂ ਹਨ। ਬਲਦੇਵ ਸਿੰਘ ਨੇ ਇਤਿਹਾਸਕ ਵਰਤਾਰਿਆਂ ਪ੍ਰਤੀ ਵਿਗਿਆਨਿਕ ਪਹੁੰਚ ਅਪਣਾ ਕੇ ਬੰਦਾ ਬਹਾਦਰ ਦੇ ਅਸਲੀ ਅਕਸ ਨੂੰ ਪਛਾਨਣ ਦਾ ਯਤਨ ਕੀਤਾ ਹੈ:

> *"ਸਾਡੇ ਇਤਿਹਾਸ ਦਾ, ਖਾਸ ਕਰਕੇ ਸਿੱਖ ਇਤਿਹਾਸ ਦਾ ਇਹ ਦੁਖਾਂਤ ਰਿਹਾ ਹੈ, ਕਿ ਕੁਝ ਸਿੱਖ ਇਤਿਹਾਸਕਾਰਾਂ ਨੇ ਸ਼ਰਧਾ-ਵਸ ਜਾਂ ਆਪਣੇ ਨਿੱਜੀ ਹਿੱਤਾਂ ਲਈ ਉਲਾਰ ਹੋ ਕੇ ਸੁਹਿਰਦਿਤਾ ਨਾਲ ਸੱਚ ਦੀ ਖੋਜ ਦਾ ਰਾਹ ਨਹੀਂ ਅਪਣਾਇਆ। ਮੈਂ ਆਪਣੇ ਨਿਮਾਣੇ ਜਿਹੇ ਯਤਨ ਨਾਲ ਵਿਗਿਆਨਕ ਪਹੁੰਚ ਅਪਣਾਉਂਦਿਆਂ, ਉਹੀ ਬਿਆਨ ਕੀਤਾ ਹੈ ਜੋ ਮੈਨੂੰ ਸੱਚ ਦੇ ਵਧੇਰੇ ਨੇੜੇ ਜਾਪਿਆ।"* [6]

ਨਾਵਲ 'ਮਹਾਂਬਲੀ ਸੂਰਾ' ਰਾਹੀਂ ਬੰਦਾ ਸਿੰਘ ਬਹਾਦਰ ਦਾ ਨਾਇਕਤਵ ਵਿਭਿੰਨ ਰੂਪਾਂ ਵਿਚ ਸਾਕਾਰ ਹੁੰਦਾ ਹੈ। ਬਲਦੇਵ ਸਿੰਘ ਨੇ ਉਸਦੇ ਲਛਮਣ ਦੇਵ ਤੋਂ ਬੰਦਾ ਸਿੰਘ ਬਣਨ ਤੱਕ ਸਫ਼ਰ ਨੂੰ ਬਿਰਤਾਂਤਕ ਰੂਪ ਵਿਚ ਚਿੱਤਰਿਆ ਹੈ। ਇਸ ਸਫ਼ਰ ਦੌਰਾਨ ਬੰਦਾ ਸਿੰਘ ਵਿਭਿੰਨ ਬੈਰਾਗੀ ਸਾਧੂਆਂ ਦੇ ਡੇਰਿਆਂ ਅਤੇ ਮੱਠਾਂ ਵਿਚ ਵਿਚਰਦਾ ਹੋਇਆ ਯੁੱਧ ਕਲਾ ਵਿਚ ਨਿਪੁੰਨਤਾ ਹਾਸਿਲ ਕਰਦਾ ਹੈ। ਬੰਦਾ ਸਿੰਘ ਬਹਾਦਰ ਨੂੰ ਆਪਣੇ ਜੀਵਨ ਦੇ ਅਸਲ ਮਕਸਦ ਦਾ ਗਿਆਨ ਉਸ ਵੇਲੇ ਹੁੰਦਾ ਹੈ ਜਦੋਂ ਨਾਂਦੇੜ ਦੀ ਧਰਤੀ 'ਤੇ ਉਸਦਾ ਮਿਲਾਪ ਗੁਰੂ ਗੋਬਿੰਦ ਸਿੰਘ ਜੀ ਨਾਲ ਹੁੰਦਾ ਹੈ। ਗੁਰੂ ਸਾਹਿਬ ਉਸਦੀ ਕਾਬਲੀਅਤ ਨੂੰ ਪਛਾਣਦੇ ਹੋਏ ਉਸਨੂੰ ਪੰਜਾਬ ਦੀਆਂ ਤਤਕਾਲੀਨ ਪਰਿਸਥਿਤੀਆਂ ਤੋਂ ਜਾਣੂ ਕਰਾਉਂਦੇ ਹੋਏ ਉਸਦੇ ਜ਼ਮੀਰ ਨੂੰ ਹਲੂਣਾ ਦਿੰਦੇ ਹਨ। ਖ਼ਾਲਸੇ ਦੇ ਆਦਰਸ਼ਾਂ ਦੀ ਪੂਰਤੀ ਕਰਨ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਲੈਣ ਲਈ ਬੰਦਾ ਸਿੰਘ ਬਹਾਦਰ ਪੰਜਾਬ ਵੱਲ ਰੁਖ਼ ਕਰਦਾ ਹੈ:

> *"ਸਿੱਖ ਧਰਮ ਦੇ ਪ੍ਰਚਾਰ ਬਦਲੇ ਕਿਵੇਂ ਬਾਦਸ਼ਾਹ ਜਹਾਂਗੀਰ ਦੇ ਹੁਕਮ ਨਾਲ ਗੁਰੂ ਅਰਜਨ ਨੂੰ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ ਅਤੇ ਕਿਵੇਂ ਔਰੰਗਜ਼ੇਬ ਦੇ ਹੁਕਮ ਨਾਲ ਧਰਮ-ਮੂਰਤ ਗੁਰੂ ਤੇਗ ਬਹਾਦਰ ਨੂੰ ਕਤਲ ਕਰ ਦਿੱਤਾ ਗਿਆ ਸੀ, ਸੁਣ ਸੁਣ ਕੇ ਬੰਦਾ ਸਿੰਘ ਕੰਬ ਉਠਿਆ... ਗੁਰੂ ਗੋਬਿੰਦ ਸਿੰਘ ਦੇ ਮਾਸੂਮ ਬੱਚਿਆਂ ਨੂੰ ਧਰਮ ਤਿਆਗਣ ਤੋਂ ਨਾਂਹ ਕਰਨ ਪੁਰ ਜਿਉਂਦੇ ਜੀ ਕੰਧ ਵਿਚ ਚਿਣ ਦੇਣ ਅਤੇ ਫੇਰ ਛੁਰਿਆਂ ਨਾਲ ਬਕਰਿਆਂ ਵਾਂਗ ਕੋਹ ਕੇ ਕਤਲ ਕਰ ਦੇਣ ਦੀ ਦੁਖ ਭਰੀ ਵਿੱਥਿਆ ਨੂੰ ਸੁਣ ਕੇ ਬੰਦਾ ਸਿੰਘ ਦੀਆਂ ਅੱਖਾਂ ਵਿਚ ਖ਼ੂਨ ਉਤਰ ਆਇਆ ਅਤੇ ਮੁਗ਼ਲ ਰਾਜ ਦੇ ਵਿਰੁੱਧ ਉਸ ਦਾ ਹੀਆ ਭੜਕ ਉਠਿਆ।"* [7]

ਜਮਾਤੀ ਸਮਾਜਾਂ ਵਿਚ ਦੋ ਧਿਰਾਂ ਵਿਚਾਲੇ ਟਕਰਾਅ ਦੀ ਸਥਿਤੀ ਅਕਸਰ ਬਣੀ ਰਹਿੰਦੀ ਹੈ। ਜਿੱਥੇ ਸੱਤਾਧਾਰੀ ਧਿਰ ਸ਼ੋਸਣ ਕਰਦੀ ਹੈ, ਉੱਥੇ ਕਮਜ਼ੋਰ ਧਿਰ ਸ਼ੋਸ਼ਣ ਦਾ ਸ਼ਿਕਾਰ ਹੁੰਦੀ ਹੈ। ਸਮੇਂ ਦੀ ਤਬਦੀਲੀ ਨਾਲ ਸ਼ੋਸ਼ਿਤ ਧਿਰ ਵਿਚੋਂ ਕੋਈ ਅਜਿਹਾ ਜਾਂਬਾਜ਼ ਸੂਰਮਾ ਪੈਦਾ ਹੁੰਦਾ ਹੈ ਜਿਹੜਾ ਸੱਤਾਧਾਰੀ ਹਕੂਮਤ ਦੀਆਂ ਜੜ੍ਹਾਂ ਹਿਲਾ ਕੇ ਰੱਖ ਦਿੰਦਾ ਹੈ। ਉਹ ਸਾਧਾਰਨ ਲੋਕਾਂ ਦਾ ਮਸੀਹਾ ਬਣਦਾ ਹੈ। ਪੰਜਾਬ ਦੀ ਧਰਤੀ ਨੂੰ ਅਜਿਹੇ ਅਨੇਕਾਂ ਸੂਰਮੇ ਪੈਦਾ ਕਰਨ ਦਾ ਮਾਣ ਪ੍ਰਾਪਤ ਹੈ ਜਿਨ੍ਹਾਂ ਨੇ ਸਮੇਂ ਦੀਆਂ ਹਕੂਮਤਾਂ ਨੂੰ ਵਖ਼ਤ ਪਾਈ ਰੱਖਿਆ।

ਬੰਦਾ ਸਿੰਘ ਬਹਾਦਰ ਦੇ ਪੰਜਾਬ ਪ੍ਰਵੇਸ਼ ਤੋਂ ਪਹਿਲਾਂ ਇੱਥੇ ਮੁਗ਼ਲਸ਼ਾਹੀ ਨਿਜ਼ਾਮ ਦੀ ਚੜ੍ਹਤ ਹੋਣ ਕਰਕੇ ਆਮ ਲੋਕਾਂ ਦੀ ਸਥਿਤੀ ਸੰਤੋਖਜਨਕ ਨਹੀਂ ਸੀ। ਇਸ ਸਮੇਂ ਪੰਜਾਬ ਵਿਚ ਮੁਗ਼ਲ ਹਕੂਮਤ ਵੱਲੋਂ ਇਕ ਪਾਸੇ ਤਾਂ ਆਮ ਲੋਕਾਈ ਦਾ ਜ਼ਬਰੀ ਧਰਮ ਪਰਿਵਰਤਨ ਕੀਤਾ ਜਾ ਰਿਹਾ ਸੀ ਅਤੇ ਦੂਜੇ ਪਾਸੇ ਕਿਰਸਾਨ ਤੇ ਮੁਜ਼ਾਰੇ, ਸਾਮੰਤਸ਼ਾਹੀ ਪ੍ਰਣਾਲੀ ਦੀ ਅਧੀਨਗੀ ਵਿਚ ਗ਼ੁਲਾਮੀ ਦੀ ਜ਼ਿੰਦਗੀ ਭੋਗ ਰਹੇ ਸਨ ਕਿਉਂਕਿ ਉਹ ਮੁਗ਼ਲ ਹਾਕਮਾਂ ਵੱਲੋਂ ਲਾਏ ਜਾਂਦੇ ਕਰ (ਟੈਕਸ) ਦੀ ਮਾਰ ਹੇਠਾਂ ਦੱਬੇ ਹੋਏ ਸਨ। ਹੁਕਮ ਦੀ ਉਲੰਘਣਾ ਕਰਨ ਵਾਲੇ ਲਈ ਮੌਤ ਦੀ ਸਜ਼ਾ ਆਮ ਗੱਲ ਸੀ। ਰਜਵਾੜਾ ਸ਼ਾਹੀ ਵਰਗ ਆਪਣੇ ਹਿੱਤਾਂ ਦੀ ਪੂਰਤੀ ਕਰਨ ਲਈ ਤਤਕਾਲੀਨ ਸਮਾਜ ਵਿਚ ਪ੍ਰਚੱਲਤ ਵਰਣ-ਵੰਡ ਵਿਵਸਥਾ ਦੀ ਦੁਰਵਰਤੋਂ ਕਰਕੇ ਐਸ਼ਪ੍ਰਸਤੀ ਦਾ ਜੀਵਨ ਭੋਗ ਰਿਹਾ ਸੀ। ਇਸ ਵੇਲੇ ਸਾਧਾਰਨ ਲੋਕ ਸਮਾਜਿਕ, ਧਾਰਮਿਕ ਅਤੇ ਰਾਜਨੀਤਕ ਤੌਰ 'ਤੇ ਅਸਾਵੇਂ ਹਾਲਾਤਾਂ ਵਿਚੋਂ ਗੁਜ਼ਰ ਰਹੇ ਸਨ।

ਗੁਰੂ ਗੋਬਿੰਦ ਸਿੰਘ ਜੀ ਨੇ ਇਸ ਸਮੇਂ ਪੰਜਾਬ ਵਿਚ ਮੁਗ਼ਲ ਹਾਕਮਾਂ ਵੱਲੋਂ ਮਜ਼ਲੂਮਾਂ ਉੱਪਰ ਹੋ ਰਹੇ ਅੱਤਿਆਚਾਰਾਂ ਨੂੰ ਠੱਲ੍ਹ ਪਾਉਣ ਲਈ ਧਰਮ ਯੁੱਧ ਮੋਰਚਾ ਆਰੰਭਿਆ ਹੋਇਆ ਸੀ, ਜਿਸ ਵਿਚ ਗੁਰੂ ਸਾਹਿਬ ਨੇ ਆਪਣਾ ਸਾਰਾ ਸਰਬੰਸ ਦੇਸ਼ ਅਤੇ ਕੌਮ ਤੋਂ ਵਾਰ ਦਿੱਤਾ ਸੀ। ਭਾਵੇਂ ਔਰੰਗਜ਼ੇਬ ਦੀ ਮੌਤ ਤੋਂ ਬਾਅਦ ਮੁਗ਼ਲ ਸਾਮਰਾਜ ਪਤਨ ਵੱਲ ਵਧ ਰਿਹਾ ਸੀ ਪਰੰਤੂ ਰਾਜਨੀਤਕ ਪਰਿਸਥਿਤੀਆਂ ਦੇ ਉਥਲ-ਪੁਥਲ ਹੋਣ ਕਾਰਨ ਮੁਗ਼ਲ ਹਾਕਮ ਅਤੇ ਸੂਬੇਦਾਰ ਲੋਕਾਂ ਉਪਰ ਅੰਤਾਂ ਦੇ ਜ਼ੁਲਮ ਢਾਹ ਰਹੇ ਸਨ। ਇਸ ਸਮੇਂ ਹਕੂਮਤ ਦੇ ਜ਼ੁਲਮਾਂ ਵੱਲੋਂ ਹੱਦੋਂ ਵੱਧ ਸਤਾਈ ਹੋਈ ਲੋਕਾਈ ਦੇ ਮਨਾਂ ਅੰਦਰ ਬਗ਼ਾਵਤ ਦੇ ਬੀਜ ਪੁੰਗਰਣ ਲੱਗੇ। ਅਜਿਹੇ ਸਮਾਜਿਕ ਅਸਥਿਰਤਾ ਵਾਲੇ ਮਾਹੌਲ ਵਿਚ ਬੰਦਾ ਸਿੰਘ ਬਹਾਦਰ ਦੀ ਆਮਦ ਸਮੁੱਚੇ ਪੰਜਾਬੀਆਂ ਲਈ ਮੁਕਤੀ ਦਾ ਪੈਗ਼ਾਮ ਲੈ ਕੇ ਆਉਂਦੀ ਹੈ:

*"ਜਿੱਥੇ ਬੰਦਾ ਸਿੰਘ ਬਹਾਦਰ ਇਤਿਹਾਸਕ ਲਿਖਤ ਦੇ ਕੁਝ ਪੰਨਿਆਂ ਤੱਕ ਹੀ ਸੀਮਤ ਹੈ, ਉੱਥੇ ਇਸ ਨਾਵਲ ਰਾਹੀਂ ਇਹ ਗਿਆਨ ਹਾਸਲ ਹੁੰਦਾ ਹੈ ਕਿ ਬੰਦਾ ਸਿੰਘ ਬਹਾਦਰ ਪੰਜਾਬੀ ਬੰਦੇ ਦੇ ਮਨ ਦੇ ਵਰਕਿਆਂ ਉੱਪਰ ਬੜੇ ਵਿਸ਼ਾਲ ਰੂਪ ਵਿਚ ਉਕਰਿਆ ਹੋਇਆ ਨਾਬਰੀ ਦਾ ਇਤਿਹਾਸ ਹੈ। ਨਾਬਰੀ ਦੇ ਇਤਿਹਾਸ ਪ੍ਰਤੀ ਰਾਜ ਸ਼ਕਤੀ ਨਾਬਰੀ ਪ੍ਰਤੀ ਜਨ-ਸਮੂਹ ਦਾ ਨਜ਼ਰੀਆ ਬਦਲਣ ਲਈ ਕਈ ਪ੍ਰਕਾਰ ਦੀਆਂ ਮਿੱਥਾਂ/ਅੰਧ ਵਿਸ਼ਵਾਸ਼ ਦਾ ਪ੍ਰਚਾਰ ਤੇ ਪ੍ਰਸਾਰ ਕਰਦੀ ਹੈ। ਜਦੋਂ ਕੋਈ ਸਾਹਿਤਕਾਰ ਅਜਿਹੇ ਨਾਬਰੀ ਇਤਿਹਾਸ ਨੂੰ ਸਾਹਿਤ/ਨਾਵਲ ਵਿਚ ਰੁਪਾਂਤਰਣ ਕਰਦਾ ਹੈ ਤਾਂ ਨਾਬਰੀ ਵਰਤਮਾਨ ਪ੍ਰਸੰਗਾਂ ਵਿਚੋਂ ਸਾਰਥਕ ਤੇ ਨਵੇਂ ਅਰਥ ਗ੍ਰਹਿਣ ਕਰ ਜਾਂਦੀ ਹੈ।"* [8]

ਬੰਦਾ ਸਿੰਘ ਬਹਾਦਰ ਨੇ ਨਾ ਕੇਵਲ ਮੁਗ਼ਲ ਸਲਤਨਤ ਦਾ ਵਿਰੋਧ ਕੀਤਾ ਸਗੋਂ ਜ਼ਮੀਂਦਾਰੀ ਪ੍ਰਥਾ ਦਾ ਖ਼ਾਤਮਾ ਕਰਕੇ ਜ਼ਮੀਨਾਂ ਨੂੰ ਕਿਸਾਨਾਂ ਅਤੇ ਗ਼ਰੀਬਾਂ ਵਿਚ ਵੰਡ ਦਿੱਤਾ। ਬੰਦਾ ਸਿੰਘ ਦੀ ਨਾਬਰੀ ਵਰਣ-ਵਿਵਸਥਾ ਵਿਚ ਵੰਡੇ ਹੋਏ ਸਮਾਜ ਦੀਆਂ ਮਜ਼ਲੂਮ ਤੇ ਨਿਤਾਣੀਆਂ ਧਿਰਾ ਦੇ ਹੱਕ ਵਿਚ ਅਤੇ ਜ਼ਾਲਮ ਹਕੂਮਤ ਦੇ ਵਿਰੁੱਧ ਖੜ੍ਹਨ ਵਿਚੋਂ ਝਲਕਦੀ ਹੈ। ਉਸਨੇ ਸਮੇਂ ਦੀ ਹਕੂਮਤ ਦੇ ਅੱਤਿਆਚਾਰਾਂ ਦੇ ਵਿਰੁੱਧ ਹਥਿਆਰਬੰਦ ਸੰਘਰਸ਼ ਵਿੱਢਿਆ। ਬੰਦਾ ਸਿੰਘ ਮੁਗ਼ਲ ਸਲਤਨਤ ਦੀ ਹਰ ਉਸ ਨੀਤੀ ਦਾ ਵਿਰੋਧੀ ਸੀ ਜਿਹੜੀ ਆਮ ਲੋਕਾਂ ਦੇ ਹਿੱਤਾਂ ਦਾ ਸ਼ੋਸ਼ਣ ਕਰਦੀ ਸੀ ਕਿਉਂਕਿ ਨਾਬਰ ਮਨੁੱਖ ਕਦੇ ਵੀ ਤਖ਼ਤਾਂ-ਤਾਜਾਂ ਦੇ ਲਾਲਚ ਵਿਚ ਆਣ ਕੇ ਸਮੇਂ ਦੀ ਹਕੂਮਤ ਨਾਲ ਸਮਝੌਤੇ ਨਹੀਂ ਕਰਦਾ ਸਗੋਂ ਮਜ਼ਲੂਮਾਂ ਦੀ ਪੱਤ ਬਚਾਉਣ ਲਈ ਆਪਣੀ ਜਾਨ ਤੱਕ ਨਿਛਾਵਰ ਕਰ ਦਿੰਦਾ ਹੈ।

ਬੰਦਾ ਸਿੰਘ ਦੀ ਨਾਬਰੀ ਦੀ ਪਿੱਠਭੂਮੀ ਵਿਚ ਸਿੱਖ ਧਰਮ ਵਿਚਲਾ ਸ਼ਹਾਦਤਾਂ ਦਾ ਫਲਸਫਾ ਕਾਰਜਸ਼ੀਲ ਹੈ। ਉਸਨੇ ਗੁਰਮਤਿ ਵਿਚਾਰਧਾਰਾ ਵਿਚਲੇ ਸਿਧਾਂਤ 'ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ' ਦੇ ਮਾਰਗ ਉੱਪਰ ਪਹਿਰਾ ਦਿੰਦਿਆਂ ਹੋਇਆਂ ਭੇਦਭਾਵ ਰਹਿਤ ਸਮਾਜਿਕ-ਪ੍ਰਬੰਧਾਂ ਦੀ ਸਥਾਪਨਾ ਕੀਤੀ। ਬੰਦਾ ਸਿੰਘ ਨੇ ਜਿੱਤੇ ਹੋਏ ਇਲਾਕਿਆਂ ਵਿਚ ਸਿੱਖ ਫ਼ੌਜਦਾਰਾਂ ਨੂੰ ਉਹਨਾਂ ਦੀ ਯੋਗਤਾ ਦੇ ਆਧਾਰ 'ਤੇ ਨਿਯੁਕਤ ਕੀਤਾ ਭਾਵੇਂ ਉਹ ਵੰਡ ਆਧਾਰਿਤ ਸਮਾਜ ਦੇ ਕਿਸੇ ਵੀ ਵਰਗ ਨਾਲ ਸੰਬੰਧਿਤ ਹੋਣ। ਬੰਦਾ ਸਿੰਘ ਦੀ ਆਮਦ ਤੋਂ ਪਹਿਲਾਂ ਸੂਦਰ ਵਰਗ ਨਾਲ ਸੰਬੰਧਿਤ ਜਿਹੜੇ ਲੋਕ ਗ਼ੁਲਾਮੀ ਦੀਆਂ ਜੰਜ਼ੀਰਾਂ ਵਿਚ ਜਕੜੇ ਹੋਏ ਸਨ, ਉਹ ਬੰਦਾ ਸਿੰਘ ਦੀ ਅਗਵਾਈ ਵਿਚ ਖ਼ਾਲਸਾ ਪੰਚਾਇਤਾਂ ਦੇ ਮੁਖੀ ਬਣਨ ਲੱਗੇ:

*"ਬੰਦਾ ਸਿੰਘ ਤਾਂ ਜਿਵੇਂ ਹੀ ਕਬਜ਼ਾ ਕਰਦਾ ਐ, ਇਲਾਕੇ 'ਤੇ, ਨਾਲ ਦੀ ਨਾਲ ਮੁਜਾਰਿਆਂ ਨੂੰ ਮਾਲਕੀ ਦੇ ਫੁਰਮਾਨ ਜਾਰੀ ਕਰ ਦਿੰਦੈ। ਫਿਰ ਮਜਾਲ ਐ ਕਿਸੇ ਚੌਧਰੀ ਦੀ ਮੁਜਾਰੇ ਨੂੰ ਜ਼ਮੀਨ ਦਾ ਮਾਲਕ ਨਾ ਮੰਨੇ। ਤਾਇਆ ਤੈਨੂੰ ਹੋਰ ਦੱਸਾਂ, ਇਕ ਗੁਰੂ ਘਰ ਦੇ ਪ੍ਰੇਮੀ ਨੀਵੀਂ-ਜਾਤ ਵਾਲੇ ਨੂੰ ਬੰਦਾ ਸਿੰਘ ਨੇ ਖਾਲਸਾ ਪੰਚਾਇਤ ਦਾ ਮੁਖੀਆ ਬਣਾਤਾ। ਜਦੋਂ ਉਹ ਪਿੰਡ ਗਿਆ ਤਾਂ ਵੱਡੇ ਵੱਡੇ ਚੌਧਰੀ, ਜਗੀਰਦਾਰ ਉਸਦੇ ਮੂਹਰੇ ਹੱਥ ਜੋੜ ਕੇ ਖੜ੍ਹੇ ਹੋ ਗਏ। ਬੰਦਾ ਸਿੰਘ ਨੇ ਤਾਂ ਚੂੜ੍ਹੇ, ਚਮਾਰਾਂ ਨੂੰ ਜੱਥੇਦਾਰ ਤੇ ਹਾਕਮ ਥਾਪਤਾ।"* [9]

ਨਾਬਰੀ ਮਨੁੱਖੀ ਗੌਰਵ ਦੀ ਰੱਖਿਆ ਲਈ ਕੀਤੀ ਗਈ ਬਗ਼ਾਵਤ ਦਾ ਨਾਮ ਹੈ। ਨਾਬਰ ਮਨੁੱਖ ਦੇ ਮਨ ਅੰਦਰ ਮੌਤ ਦਾ ਰੰਚਕ ਮਾਤਰ ਵੀ ਭੈਅ ਨਹੀਂ ਹੁੰਦਾ। ਉਹ ਸ਼ਹਾਦਤ ਦੇ ਮਾਰਗ ਉੱਪਰ ਤੁਰਦਾ ਹੋਇਆ ਆਉਣ ਵਾਲੀਆਂ ਪੀੜ੍ਹੀਆਂ ਲਈ ਮਿਸਾਲ ਕਾਇਮ ਕਰਦਾ ਹੈ। ਬੰਦਾ ਸਿੰਘ ਬਹਾਦਰ ਨੇ ਮੁਗ਼ਲ ਸਲਤਨਤ ਖ਼ਿਲਾਫ਼ ਯੁੱਧ ਕਰਨ ਲਈ ਖ਼ਾਲਸਾ ਫੌਜ ਵਿਚ ਅਜਿਹੇ ਯੋਧੇ ਭਰਤੀ ਕੀਤੇ ਜਿਨ੍ਹਾਂ ਦਾ ਮਕਸਦ ਯੁੱਧ ਦੇ ਮੈਦਾਨ ਵਿਚ ਜੂਝਦਿਆਂ ਹੋਇਆਂ ਜਾਂ ਤਾਂ ਫਤਿਹ ਨਸੀਬ ਕਰਨਾ ਸੀ ਜਾਂ ਸ਼ਹੀਦ ਹੋਣਾ ਸੀ। ਮੈਦਾਨ-ਏ-ਜੰਗ ਵਿਚ ਇਕ ਪਾਸੇ ਬਾਦਸ਼ਾਹ ਦੀਆਂ ਫੌਜਾਂ ਸਨ ਜੋ ਚੰਦ ਸਿੱਕਿਆਂ ਅਤੇ ਜਗੀਰਾਂ ਪ੍ਰਾਪਤ ਕਰਨ ਲਈ ਲੜ ਰਹੀਆਂ ਸਨ ਅਤੇ ਦੂਜੇ ਪਾਸੇ ਪਾਤਸ਼ਾਹ ਦੀ ਫ਼ੌਜ ਸੀ ਜੋ ਮਜ਼ਲੂਮਾਂ ਦੀ ਰਾਖੀ ਲਈ ਤੇ ਆਪਣੇ ਗੁਰੂ ਦੀ ਖੁਸ਼ੀ ਵਾਸਤੇ ਲੜ ਰਹੀ ਸੀ:

*"ਅਸੀਂ ਫਿਰ ਦੱਸਾਂਗੇ, ਖਾਲਸਾ, ਖਾਲਸਾ ਹੀ ਹੈ। ਅਸੀਂ ਲੜਾਂਗੇ ਗੁਰੂ ਦੇ ਨਾਮ 'ਤੇ। ਸਾਡੇ ਕੋਲ ਗੁਆਉਣ ਲਈ ਕੁਝ ਨਹੀਂ ਹੈ, ਸਿੰਘ ਜੀ। ਲੜਾਈ ਵਿਚ ਸ਼ਹੀਦੀਆਂ ਪਾ ਗਏ ਤਾਂ ਗੁਰੂ ਦੀਆਂ ਬਖਸ਼ਿਸ਼ਾਂ ਹਾਸਲ ਹੋਣਗੀਆਂ। ਫਤਿਹ ਨਸੀਬ ਹੋਈ ਤਾਂ ਮੁਗਲਾਂ ਤੋਂ ਆਜ਼ਾਦੀ ਤੇ ਖਾਲਸਾ ਰਾਜ ਦੀ ਜੈ ਜੈ ਕਾਰ ਹੋਵੇਗੀ।"* [10]

ਬੰਦਾ ਸਿੰਘ ਬਹਾਦਰ ਦੀ ਮੁਗ਼ਲ ਹਾਕਮਾਂ ਨਾਲ ਹੋਏ ਯੁੱਧਾਂ ਸਮੇਂ ਦੋ ਤਰ੍ਹਾਂ ਦੀਆਂ ਰਣਨੀਤੀਆਂ ਅਪਣਾਈਆਂ। ਇਕ ਛਾਪਾਮਾਰ ਯੁੱਧ ਅਤੇ ਦੂਜਾ ਆਹਮੋ-ਸਾਹਮਣੇ ਦਾ ਯੁੱਧ। ਬੰਦਾ ਸਿੰਘ ਵੱਲੋਂ ਚੱਪੜ ਚਿੜੀ ਅਤੇ ਸਮਾਣੇ ਵਿਚ ਕੀਤੇ ਯੁੱਧ ਪੰਜਾਬ ਦੇ ਇਤਿਹਾਸ ਵਿਚ ਵਿਸ਼ੇਸ਼ ਮਹੱਤਤਾ ਰੱਖਦੇ ਹਨ। ਸਮਾਣਾ ਮੁਗ਼ਲ ਸਲਤਨਤ ਦਾ ਪ੍ਰਮੁੱਖ ਕੇਂਦਰ ਸੀ। ਇੱਥੋਂ ਦੇ ਹਾਕਮਾਂ ਅਤੇ ਜੱਲਾਦਾਂ ਨੇ ਸਿੱਖਾਂ ਉੱਤੇ ਅੱਤਿਆਚਾਰ ਕੀਤੇ ਸਨ। 1709 ਈ. ਨੂੰ ਸਿੰਘਾਂ ਨੇ ਬੰਦਾ ਸਿੰਘ ਦੀ ਅਗਵਾਈ ਵਿਚ ਸਮਾਣੇ ਸ਼ਹਿਰ ਨੂੰ ਮਿੱਟੀ ਵਿਚ ਮਿਲਾ ਦਿੱਤਾ। ਇਸ ਤੋਂ ਪਿੱਛੋਂ ਚੱਪੜ ਚਿੜੀ ਦੇ ਮੈਦਾਨ ਵਿਚ ਹੋਈ ਵੱਡੀ ਲੜਾਈ ਵਿਚ ਬੰਦਾ ਸਿੰਘ ਬਹਾਦਰ ਨੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਦਾ ਬਦਲਾ ਵਜ਼ੀਰ ਖਾਨ ਨੂੰ ਮਾਰ ਕੇ ਲਿਆ। ਇਸ ਆਹਮੋ-ਸਾਹਮਣੇ ਦੀ ਲੜਾਈ ਵਿਚ ਬੰਦਾ ਸਿੰਘ ਨੇ ਵਜ਼ੀਰ ਖਾਨ ਨੂੰ ਵੰਗਾਰਦਿਆਂ ਹੋਇਆਂ ਆਖਿਆ:

*"ਮਾਸੂਮਾਂ ਦਾ ਕਤਲ ਕਰਵਾ ਕੇ ਕੋਈ ਬਹਾਦਰ ਨਹੀਂ ਬਣ ਜਾਂਦਾ। ਤੇਰੇ ਗੁਨਾਹਾਂ ਦੀ ਤੈਨੂੰ ਸਜ਼ਾ ਮਿਲੇਗੀ।' ਆਖਕੇ ਬੰਦਾ ਸਿੰਘ ਨੇ ਆਪਣੀ ਕਮਾਨ ਹੱਥ ਵਿਚ ਫੜ ਲਈ।"* [11]

ਬੰਦਾ ਸਿੰਘ ਬਹਾਦਰ ਸਿੱਖੀ ਸਿਧਾਂਤਾਂ ਅਤੇ ਖ਼ਾਲਸੇ ਦੇ ਆਦਰਸ਼ਾਂ ਨਾਲ ਪਰਣਾਇਆ ਯੋਧਾ ਹੈ। ਉਸਦੀ ਆਮਦ ਨਾਲ ਪੰਜਾਬ ਵਿਚ ਅਜਿਹੀ ਸਿੱਖ ਲਹਿਰ ਹੋਂਦ ਵਿਚ ਆਈ ਜਿਸ ਨੇ ਪੰਜਾਬ ਵਿਚੋਂ ਕੇਵਲ ਮੁਗ਼ਲ ਸਾਮਰਾਜ ਦੀਆਂ ਜੜ੍ਹਾਂ ਹੀ ਨਹੀਂ ਪੁੱਟੀਆਂ ਸਗੋਂ ਕਿਰਤੀਆਂ ਤੇ ਕਿਸਾਨਾਂ ਦੇ ਗਲੋਂ ਗ਼ੁਲਾਮੀ ਦੀਆਂ ਜ਼ੰਜ਼ੀਰਾਂ ਉਤਾਰ ਕੇ ਉਹਨਾਂ ਨੂੰ ਜ਼ਮੀਨਾਂ ਦੇ ਮਾਲਕ ਵੀ ਬਣਾਇਆ। ਬੰਦਾ ਸਿੰਘ ਨੇ ਕਿਰਸਾਨਾਂ ਤੇ ਮੁਜ਼ਾਰਿਆਂ ਵਿਚ ਆਪਣੇ ਹੱਕਾਂ ਦੀ ਪ੍ਰਾਪਤੀ ਲਈ ਅਜਿਹੀ ਚੇਤਨਾ ਪੈਦਾ ਕੀਤੀ ਜਿਹੜੀ ਅੱਗੇ ਚੱਲ ਕੇ ਸਾਮੰਤਸ਼ਾਹੀ ਪ੍ਰਣਾਲੀ ਦੇ ਖ਼ਾਤਮੇ ਦਾ ਕਾਰਨ ਬਣੀ:

*"ਪਿੰਡਾਂ ਦੇ ਕਿਸਾਨਾਂ ਵਿਚ ਹੁਣ ਆਪਣੀ ਜ਼ਮੀਨ ਵਾਹੁਣ ਦਾ ਮੋਹ ਜਾਗ ਪਿਆ ਸੀ। ਇਹ ਸਵਾਦ ਹੀ ਵੱਖਰਾ ਸੀ। ਪਹਿਲਾਂ ਉਹ ਖੇਤਾਂ ਵਿਚ ਜੋ ਵੀ ਕੰਮ ਕਰਦੇ ਸੀ, ਵਾਹੁੰਦੇ ਬੀਜਦੇ ਸੀ, ਜਾਣਦੇ ਸੀ ਇਹ ਸਭ ਜਗੀਰਦਾਰਾਂ ਲਈ ਹੈ। ਪਰ ਹੁਣ ਉਹ ਆਪਣੇ ਬੱਚਿਆਂ ਲਈ, ਆਪਣੇ ਟੱਬਰਾਂ ਲਈ ਕਰਦੇ ਸਨ।"* [12]

ਨਾਵਲ 'ਮਹਾਂਬਲੀ ਸੂਰਾ' ਵਿਚੋਂ ਬੰਦਾ ਸਿੰਘ ਦਾ ਨਾਇਕਤਵ ਇਕ ਯੋਗ ਆਗੂ ਦੇ ਰੂਪ ਵਿਚ ਉੱਭਰ ਕੇ ਸਾਹਮਣੇ ਆਉਂਦਾ ਹੈ। ਬੰਦਾ ਸਿੰਘ ਦੀਆਂ ਖ਼ਾਲਸਾਈ ਜਿੱਤਾਂ ਦੇ ਪਿੱਛੇ ਉਸਦੀ ਛਾਪਾਮਾਰ ਯੁੱਧਨੀਤੀ ਕਾਰਜਸ਼ੀਲ ਰਹੀ ਹੈ। ਉਸਨੇ ਯੁੱਧ ਕਲਾ ਵਿਚ ਪ੍ਰਬੀਨਤਾ ਤਾਂ ਬੈਰਾਗੀ ਸਾਧੂਆਂ ਦੇ ਡੇਰਿਆਂ ਵਿਚ ਰਹਿੰਦਿਆਂ ਹੀ

ਹਾਸਿਲ ਕਰ ਲਈ ਸੀ। ਬੰਦਾ ਸਿੰਘ ਆਪਣੀ ਛਾਪਾਮਾਰ ਯੁੱਧਨੀਤੀ ਰਾਹੀਂ ਸਿੱਖਾਂ ਦੀ ਖੇਰੂੰ-ਖੇਰੂੰ ਹੋਈ ਸੈਨਿਕ ਸ਼ਕਤੀ ਨੂੰ ਇਕਮੁੱਠ ਕਰਦਾ ਹੈ। ਉਸ ਦੀਆਂ ਜੰਗੀ-ਮੁਹਿੰਮਾਂ ਦਾ ਮਨੋਰਥ ਕੇਵਲ ਮੁਗ਼ਲ ਹਾਕਮਾਂ ਨੂੰ ਹਰਾਉਣਾ ਹੀ ਨਹੀਂ ਸੀ ਸਗੋਂ ਖ਼ਾਲਸਾ ਰਾਜ ਦੀ ਸਥਾਪਨਾ ਕਰਨ ਦਾ ਵੀ ਸੀ। ਬੰਦਾ ਸਿੰਘ ਸਿੱਖ ਰਾਜ ਦੀ ਪ੍ਰਾਪਤੀ ਲਈ ਛਾਪਾਮਾਰ ਯੁੱਧ ਨੀਤੀ ਅਪਣਾਉਂਦਾ ਹੈ ਕਿਉਂਕਿ ਘੱਟ ਗਿਣਤੀ ਸਿੱਖਾਂ ਲਈ ਵੱਡੀ ਗਿਣਤੀ ਦੀਆਂ ਫੌਜਾਂ ਨੂੰ ਭਾਜੜਾਂ ਪਾਉਣ ਲਈ ਅਜਿਹੀ ਯੁੱਧ ਨੀਤੀ ਨੂੰ ਅਪਣਾਉਣਾ ਲਾਜ਼ਮੀ ਸੀ:

> *"ਬੰਦਾ ਸਿੰਘ ਨੇ ਆਪਣੇ ਸਿੰਘਾਂ ਨੂੰ ਅਜੀਬ ਦਾਅ-ਪੇਚ ਸਮਝਾ ਰੱਖੇ ਸਨ। 'ਜਦ ਤੱਕ ਸ਼ਾਹੀ ਫੌਜਾਂ ਦਾ ਘਿਰਾਓ ਹੈ, ਸਿੱਧੀ ਟੱਕਰ ਨਹੀਂ ਲੈਣੀ। ਚੀਤਿਆਂ ਵਾਂਗ ਜੰਗਲਾਂ, ਝਾੜੀਆਂ ਵਿਚ ਘਾਤ ਲਾ ਕੇ ਛੁੱਪੇ ਰਹਿਣਾ ਹੈ। ਦਾਅ ਪੈਂਦਿਆਂ ਹੀ ਵਾਰ ਕਰਨਾ ਹੈ ਤੇ ਤੁਰੰਤ ਛੂ-ਮੰਤਰ ਹੋਣਾ ਹੈ। ਅਸਲ ਛਾਪਾਮਾਰ ਸਿਪਾਹੀ ਕੋਬਰੇ ਸੱਪ ਵਰਗਾ ਫੁਰਤੀਲਾ ਹੁੰਦਾ ਹੈ, ਤੁਰਨ ਵੇਲੇ ਵਿੰਗਾ, ਡੰਗ ਮਾਰਨ ਵੇਲੇ ਉੱਚਾ ਤੇ ਖੁੱਡ ਵਿਚ ਲੁੱਕਣ ਵੇਲੇ ਸਿੱਧਾ।"* [13]

ਨਾਵਲ 'ਮਹਾਂਬਲੀ ਸੂਰਾ' ਦਾ ਕੇਂਦਰੀ ਧੁਰਾ ਬੰਦਾ ਸਿੰਘ ਨੂੰ ਮਹਾਂਨਾਇਕ ਦੇ ਰੂਪ ਵਿਚ ਸਥਾਪਿਤ ਕਰਨਾ ਹੈ। ਨਾਵਲਕਾਰ ਨੇ ਮੁਗ਼ਲ ਸਲਤਨਤ ਦੇ ਅਮਾਨਵੀ ਵਰਤਾਰੇ ਵਿਰੁੱਧ ਇਕ ਮਹਾਨ ਸਿੱਖ ਆਗੂ ਦੀ ਬਗ਼ਾਵਤ ਦਾ ਬਿਰਤਾਂਤ ਸਿਰਜਿਆ ਹੈ ਜਿਸਦਾ ਸਿੱਧਾ ਸੰਬੰਧ ਪੰਜਾਬੀ ਮਨੁੱਖ ਦੇ ਆਜ਼ਾਦੀ ਨਾਲ ਜੀਣ-ਥੀਣ ਨਾਲ ਹੈ। ਨਾਵਲੀ ਬਿਰਤਾਂਤ ਵਿਚੋਂ ਪੰਜਾਬੀ ਮਨੁੱਖ ਦੀ ਜ਼ੁਲਮ ਵਿਰੁੱਧ ਖੜ੍ਹਨ, ਮਜ਼ਲੂਮਾਂ ਲਈ ਲੜ੍ਹਨ ਅਤੇ ਕੌਮੀ ਹਿੱਤਾਂ ਲਈ ਕੁਰਬਾਨ ਹੋਣ ਦੀ ਭਾਵਨਾ ਪ੍ਰਬਲ ਨਜ਼ਰ ਆਉਂਦੀ ਹੈ। ਬੰਦਾ ਸਿੰਘ ਬਹਾਦਰ ਦੀਆਂ ਜੁਝਾਰੂ ਗਤੀਵਿਧੀਆਂ ਭਾਵੇਂ ਮੂਲ ਰੂਪ ਵਿਚ ਸਿੱਖ ਇਤਿਹਾਸ ਦੇ ਸੰਦਰਭ ਵਿਚ ਸਾਕਾਰ ਹੁੰਦੀਆਂ ਹਨ ਪਰੰਤੂ ਬਲਦੇਵ ਸਿੰਘ ਨੇ ਨਾਵਲ 'ਮਹਾਂਬਲੀ ਸੂਰਾ' ਵਿਚ ਬੰਦਾ ਸਿੰਘ ਦੀ ਸਖਸ਼ੀਅਤ ਨੂੰ ਮਾਨਵੀ ਦ੍ਰਿਸ਼ਟੀਕੋਣ ਤੋਂ ਪੇਸ਼ ਕੀਤਾ ਹੈ। ਬੰਦਾ ਸਿੰਘ ਬਹਾਦਰ ਆਪਣੇ ਸੰਘਰਸ਼ ਦੌਰਾਨ ਕਿਸੇ ਖ਼ਾਸ ਵਰਗ ਜਾਂ ਜਮਾਤ ਦੀ ਹਮਾਇਤ ਨਹੀਂ ਕਰਦਾ ਸਗੋਂ ਉਹ ਮੁਗ਼ਲ ਸਲਤਨਤ ਦੇ ਵਿਰੁੱਧ ਸਿੱਖ ਜਥੇਬੰਦੀਆਂ ਨੂੰ ਲਾਮਬੰਦ ਕਰਕੇ ਮਨੁੱਖੀ ਗੌਰਵ ਦੀ ਰੱਖਿਆ ਕਰਦਾ ਹੋਇਆ ਲੋਕਤੰਤਰੀ ਮਾਡਲ ਦੀ ਪੈਰਵੀ ਕਰਦਾ ਹੈ।

## ***ਹਵਾਲੇ ਅਤੇ ਟਿੱਪਣੀਆਂ***


1. *ਸ੍ਰੀ ਗੁਰੂ ਗ੍ਰੰਥ ਸਾਹਿਬ ਜੀ, ਪੰਨਾ: 1378*
2. *ਡਾ. ਧਨਵੰਤ ਕੌਰ (ਸੰਪਾ.), ਪੰਜਾਬੀਅਤ: ਸੰਕਲਪ ਤੇ ਸਰੂਪ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ ਪਟਿਆਲਾ, 2000, ਪੰਨਾ: 9 (ਪ੍ਰਵੇਸ਼ਿਕਾ)*
3. *ਡਾ. ਗੁਰਪ੍ਰੀਤ ਸਿੰਘ, ਇਤਿਹਾਸਕ ਦ੍ਰਿਸ਼ਟੀ ਅਤੇ ਇਤਿਹਾਸਕ ਪੰਜਾਬੀ ਨਾਵਲ : ਅੰਤਰ-ਸੰਵਾਦ (ਮਨਮੋਹਨ ਬਾਵਾ ਦੇ ਗਲਪ ਦੇ ਵਿਸ਼ੇਸ਼ ਪ੍ਰਸੰਗ ਵਿਚ), ਸਪਤਰਿਸ਼ੀ ਪਬਲੀਕੇਸ਼ਨ, ਚੰਡੀਗੜ੍ਹ, 2022, ਪੰਨਾ: 63*
4. *ਡਾ. ਗੁਰਜੀਤ ਸਿੰਘ ਸੰਧੂ, "ਇਤਿਹਾਸ ਅਤੇ ਪੰਜਾਬੀ ਨਾਬਰੀ ਦਾ ਬਿਰਤਾਂਤ : ਢਾਹਵਾਂ ਦਿੱਲੀ ਦੇ ਕਿੰਗਰੇ", ਡਾ. ਗੁਰਜੀਤ ਸਿੰਘ ਸੰਧੂ (ਸੰਪਾ.), ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਦਾ ਵਰਤਮਾਨ ਪ੍ਰਸੰਗ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013, ਪੰਨਾ: 37*
5. *ਡਾ. ਟੀ. ਆਰ. ਵਿਨੋਦ, ਆਉ ਨਾਵਲ ਪੜ੍ਹੀਏ, ਚੇਤਨਾ ਪ੍ਰਕਾਸ਼ਨ, ਲੁਧਿਆਣਾ, 2006, ਪੰਨਾ: 122*
6. *ਬਲਦੇਵ ਸਿੰਘ, ਮਹਾਂਬਲੀ ਸੂਰਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2020, ਪੰਨਾ: 7*
7. *ਗੰਡਾ ਸਿੰਘ, ਬੰਦਾ ਸਿੰਘ ਬਹਾਦੁਰ, ਪਬਲੀਕੇਸ਼ਨ ਬਿਊਰੋ, ਪੰਜਾਬੀ ਯੂਨੀਵਰਸਿਟੀ, ਪਟਿਆਲਾ, 2008, ਪੰਨਾ: 10*
8. *ਡਾ. ਗੁਰਮੀਤ ਕੌਰ ਸੰਧੂ, "ਇਤਿਹਾਸ, ਦਾਰਸ਼ਨਿਕਤਾ ਅਤੇ ਨਾਬਰੀ ਦਾ ਬਿਰਤਾਂਤ : ਮਹਾਂਬਲੀ ਸੂਰਾ", ਡਾ. ਗੁਰਜੀਤ ਸਿੰਘ ਸੰਧੂ (ਸੰਪਾ.), ਬਲਦੇਵ ਸਿੰਘ ਦੇ ਇਤਿਹਾਸਕ ਨਾਵਲਾਂ ਦਾ ਵਰਤਮਾਨ ਪ੍ਰਸੰਗ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2013, ਪੰਨੇ: 179-180*
9. *ਬਲਦੇਵ ਸਿੰਘ, ਮਹਾਂਬਲੀ ਸੂਰਾ, ਲੋਕਗੀਤ ਪ੍ਰਕਾਸ਼ਨ, ਚੰਡੀਗੜ੍ਹ, 2020, ਪੰਨਾ: 301*
10. *ਉਹੀ, ਪੰਨਾ: 317*
11. *ਉਹੀ, ਪੰਨਾ: 234*
12. *ਉਹੀ, ਪੰਨਾ: 523*
13. *ਉਹੀ, ਪੰਨਾ: 430*



## ***Cite this Article-***

*ਮਲਕੀਤ ਸਿੰਘ (Malkeet Singh), ਪੰਜਾਬੀ ਮਨੁੱਖ ਦੀ ਨਾਬਰੀ ਦਾ ਬਿਰਤਾਂਤ: ਨਾਵਲ 'ਮਹਾਂਬਲੀ ਸੂਰਾ' (Punjabi Manukh Di Nabari Da Birtaant: Naval 'Mahabali Soora'), ਅਰਮਾਨ (ARMAAN), ISSN: 2583-9446 (O), Volume- 4, Issue- 3, July-September 2026, Page: 68-72.*

*Journal URL: www.armaan.org.in*

*DOI: https://doi.org/10.64119/armaan.vol.4.issue3.14*



*This article is an open access article published under the terms and conditions of the Creative Commons Attribution (CC BY-NC 4.0) license.* https://creativecommons.org/licenses/by-nc/4.0/